**BCM SCHOOL BASANT AVENUE DUGRI ROAD LUDHIANA**

**CLASS – 5TH**

**PUNJABI ASSIGNMENT-1(ANSWER KEY)**

**1. . ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :-**

**(ੳ) ਨਿਹੱਥਾ - ਬਿਨਾਂ ਹਥਿਆਰਾਂ ਤੋਂ** **(ਅ) ਸ੍ਰਿਸ਼ਟੀ – ਕੁਦਰਤ**

2. **ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :-**

**(ੳ) ਗਤੀਵਿਧੀਆਂ - ਮੈਂ ਕਈ ਗਤੀਵਿਧੀਆਂ ਵਿੱਚ ਭਾਗ ਲਿਆ।**

(ਅ) **ਫ਼ਾਂਸੀ - ਅੱਜ ਕੈਦੀ ਨੂੰ ਫ਼ਾਂਸੀ ਦਿੱਤੀ ਗਈ।**

3. **ਛੋਟੇ ਪ੍ਰਸ਼ਨ / ਉੱਤਰ :-**

**(ੳ) ਉਸ ਦੇ ਪਿਤਾ ਜੀ ਅਤੇ ਚਾਚਾ ਜੀ।**

**(ਅ) ਜਿਹੜਾ ਕਿਸੇ ਦੀ ਕੀਤੀ ਨੇਕੀ ਨੂੰ ਭੁੱਲ ਜਾਵੇ।**

4. **ਵੱਡੇ ਪ੍ਰਸ਼ਨ / ਉੱਤਰ :-**

(ੳ) **ਇੱਕ ਵਾਰ ਜਦ ਕੁਝ ਲੋਕ ਲਾਹੌਰ ਵਿੱਚ ਅੰਗਰੇਜ਼ਾਂ ਵਿਰੁੱਧ ਜਲੂਸ ਕੱਢ ਰਹੇ ਸਨ ਤਾਂ ਲਾਲਾ ਲਾਜਪਤ ਰਾਏ ਜੀ ਜਲੂਸ ਵਿੱਚ ਸਭ ਤੋਂ ਅੱਗੇ ਸਨ। ਇਹਨਾਂ ਨਿਹੱਥੇ ਲੋਕਾਂ ਤੇ ਪੁਲਿਸ ਨੇ ਲਾਠੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਲਾਲਾ ਜੀ ਨੂੰ ਬਹੁਤ ਸੱਟਾ ਲੱਗੀਆਂ ਤੇ ਉਹ ਇਹਨਾਂ ਸੱਟਾਂ ਨੂੰ ਨਾ ਸਹਿੰਦੇ ਹੋਏ ਸ਼ਹੀਦ ਹੋ ਗਏ।**

(ਅ) **ਜਦੋਂ ਚਿੜੀਆਘਰ ਦੇ ਮਾਲਕ ਨੇ ਉਸ ਨੂੰ ਦੱਸਿਆ ਕਿ ਉਹ ਚਿੱਟੇ ਪੰਛੀ ਨੂੰ ਆਪਣੇ ਚਿੜੀਆਘਰ ਵਿੱਚ ਰੱਖਣਾ ਚਾਹੁੰਦਾ ਹੈ ਅਤੇ ਜੇਕਰ ਉਹ ਪੰਛੀ ਨੂੰ ਫੜ੍ਹਨ ਵਿੱਚ ਉਸ ਦੀ ਮਦਦ ਕਰ ਦੇਵੇ ਤਾਂ ਉਹ ਬਦਲੇ ਵਿੱਚ ਚੰਗੇ ਪੈਸੇ ਦੇਵੇਗਾ। ਇਹ ਸੁਣ ਕੇ ਬਜ਼ੁਰਗ ਦੇ ਮਨ ਵਿੱਚ ਲਾਲਚ ਆ ਗਿਆ।**

5. **ਮੁੱਲ ਪਰਖ ਪ੍ਰਸ਼ਨ :-ਭਗਤ ਸਿੰਘ ਦੇ ਸਾਥੀ ਸੁਖਦੇਵ ਅਤੇ ਰਾਜਗੁਰੂ ਸਨ।**

6. **ਬਹੁ-ਵਿਕਲਪੀ ਪ੍ਰਸ਼ਨ** :-

(1) **ਸ਼ੁੱਧ ਸ਼ਬਦ ਚੁਣੋ** :-

(ੳ) **ਸੁੰਹ** (ਅ) **ਸਹੁੰ** (ੲ) **ਸੋਹ**

(2) **ਪੰਛੀ ਬਹੁਤ** .................... **ਸੀ।**

(ੳ) **ਤਾਕਤਵਰ** (ਅ) **ਕਮਜ਼ੋਰ** (ੲ) **ਲਾਲਚੀ**

(3) **ਅੰਗਰੇਜ਼ ਸਰਕਾਰ** ..................... **ਹੋ ਚੁੱਕੀ ਸੀ।**

(ੳ) **ਮਰ** (ਅ) **ਬੋਲ਼ੀ** (ੲ) **ਲੰਗੜੀ**

7. **ਸਹੀ/ਗ਼ਲਤ** :-

**(ੳ) ਭਗਤ ਸਿੰਘ ਨੂੰ ਦੇਸ ਭਗਤੀ ਦੀ ਭਾਵਨਾ ਆਪਣੇ ਘਰ ਵਿੱਚੋਂ ਹੀ ਪ੍ਰਾਪਤ ਹੋਈ।** (ਸਹੀ)

8. **ਕਿਸਨੇ ਕਿਸ ਨੂੰ ਕਹੇ** :- **(ੳ) ਅਕ੍ਰਿਤਘਣ ਧਰਤੀ ਤੇ ਭਾਰ ਹੁੰਦੇ ਹਨ, ਇਸ ਲਈ ਤੈਨੂੰ ਇੱਥੇ ਰਹਿਣ ਦਾ ਕੋਈ ਹੱਕ ਨਹੀਂ।**

**ਚਿੱਟੇ ਪੰਛੀ ਨੇ ਬਜ਼ੁਰਗ ਨੂੰ ਕਿਹਾ**